# ਆਧੁਨਿਕਤਾ ਦੀ ਹੋੜ ਵਿੱਚ ਅਲੋਪ ਹੋ ਰਹੇ ਅਸਲ ਰਿਸ਼ਤੇ

| ਰਿਸ਼ਤਾ | | | ਮੇਰਾ ਰਿਸ਼ਤਾ |
|---|---|---|---|
| **ਤਾਇਆ** | ਮੇਰੇ | ਪਿਓ ਦਾ ਵੱਡਾ ਭਰਾ | ਭਤੀਜਾ/ਭਤੀਜੀ |
| **ਤਾਈ** | ਮੇਰੇ | ਪਿਓ ਦੀ ਭਰਜਾਈ (ਪਿਓ ਦੇ ਵੱਡੇ ਭਰਾ ਦੀ ਪਤਨੀ) | ਭਤੀਜਾ/ਭਤੀਜੀ |
| **ਚਾਚਾ** | ਮੇਰੇ | ਪਿਓ ਦਾ ਛੋਟਾ ਭਰਾ | ਭਤੀਜਾ/ਭਤੀਜੀ |
| **ਚਾਚੀ** | ਮੇਰੇ | ਪਿਓ ਦੇ ਛੋਟੇ ਭਰਾ ਦਾ ਪਤਨੀ | ਭਤੀਜਾ/ਭਤੀਜੀ |
| **ਭੂਆ** | ਮੇਰੇ | ਪਿਓ ਦੀ ਭੈਣ | ਭਤੀਜਾ/ਭਤੀਜੀ |
| **ਫੁੱਫੜ** | ਮੇਰੇ | ਪਿਓ ਦਾ ਜੀਜਾ (ਪਿਓ ਦੀ ਭੈਣ ਦਾ ਪਤੀ) | ਭਤੀਜਾ/ਭਤੀਜੀ |
| **ਮਾਮਾ** | ਮੇਰੀ | ਮਾਂ ਦਾ ਭਰਾ | ਭਾਣਜਾ/ਭਾਣਜੀ |
| **ਮਾਮੀ** | ਮੇਰੀ | ਮਾਂ ਦੀ ਭਰਜਾਈ (ਮਾਂ ਦੇ ਭਰਾ ਦੀ ਪਤਨੀ) | ਭਾਣਜਾ/ਭਾਣਜੀ |
| **ਮਾਸੀ** | ਮੇਰੀ | ਮਾਂ ਦੀ ਭੈਣ | ਭਾਣਜਾ/ਭਾਣਜੀ |
| **ਮਾਸੜ** | ਮੇਰੀ | ਮਾਂ ਦਾ ਜੀਜਾ (ਮਾਂ ਦੀ ਭੈਣ ਦਾ ਪਤੀ) | ਭਾਣਜਾ/ਭਾਣਜੀ |
| **ਦਾਦਕਾ** | ਮੇਰੇ | ਪਿਓ ਦਾ ਘਰ | ਪੋਤਾ/ਪੋਤੀ |
| **ਨਾਨਕਾ** | ਮੇਰੀ | ਮਾਂ ਦਾ ਪੇਕਾ ਘਰ | ਦੋਹਤਾ/ਦੋਹਤੀ |
| **ਜੀਜਾ** | ਮੇਰੀ | ਭੈਣ ਦਾ ਪਤੀ | ਸਾਲਾ/ਸਾਲੀ |
| **ਭਰਜਾਈ** | ਮੇਰੇ | ਭਰਾ ਦੀ ਘਰਵਾਲੀ | ਜੇਠ/ਦਿਓਰ |
| **ਭਤੀਜਾ** | ਮੇਰੇ | ਭਰਾ ਦਾ ਮੁੰਡਾ | ਤਾਇਆ/ਚਾਚਾ |
| **ਭਤੀਜੀ** | ਮੇਰੇ | ਭਰਾ ਦੀ ਕੁੜੀ | ਤਾਇਆ/ਚਾਚਾ |
| **ਭਤੀਜ ਨੂੰਹ** | ਮੇਰੇ | ਭਰਾ ਦੀ ਨੂੰਹ (ਭਰਾ ਦੇ ਮੁੰਡੇ ਦੀ ਪਤਨੀ) | ਫੁੱਫੜ/ਭੂਆ,<br>ਚਾਚਾ/ਚਾਚੀ,<br>ਤਾਇਆ/ਤਾਈ |
| **ਭਤੀਜ ਜੁਆਈ** | ਮੇਰੇ | ਭਰਾ ਦਾ ਜੁਆਈ (ਭਰਾ ਦੇ ਕੁੜੀ ਦਾ ਪਤੀ) | ਪਤੀਸ/ਪਤਿਓਹਰਾ |

| | | | |
|---|---|---|---|
| **ਭਾਣਜਾ** | ਮੇਰੀ | ਭੈਣ ਦਾ ਮੁੰਡਾ | ਮਾਮਾ |
| **ਭਾਣਜੀ** | ਮੇਰੀ | ਭੈਣ ਦੀ ਕੁੜੀ | ਮਾਮਾ |
| **ਭਾਣਜ ਨੂੰਹ** | ਮੇਰੀ | ਭੈਣ ਦੀ ਨੂੰਹ (ਭੈਣ ਦੇ ਮੁੰਡੇ ਦੀ ਪਤਨੀ) | ਮਮੇਸ (ਮਾਮੀ ਸੱਸ) |
| **ਭਾਣਜ ਜੁਆਈ** | ਮੇਰੀ | ਭੈਣ ਦਾ ਜੁਆਈ (ਭੈਣ ਦੀ ਕੁੜੀ ਦਾ ਪਤੀ) | ਮਸੇਸ (ਮਾਸੀ ਸੱਸ) |
| **ਨਨਾਣ** | ਮੇਰੇ | ਪਤੀ ਦੀ ਭੈਣ | ਭਰਜਾਈ |
| **ਨਣਦੋਈਆ/ ਨੰਦੋਈ ਆ** | ਮੇਰੇ | ਪਤੀ ਦਾ ਜੀਜਾ (ਪਤੀ ਦੀ ਭੈਣ ਦਾ ਪਤੀ) | ਸਾਲੇਹਾਰ |
| **ਜੇਠ** | ਮੇਰੇ | ਪਤੀ ਦਾ ਵੱਡਾ ਭਰਾ | ਭਰਜਾਈ |
| **ਜੇਠਾਣੀ** | ਮੇਰੇ | ਪਤੀ ਦੀ ਵੱਡੀ ਭਰਜਾਈ (ਪਤੀ ਦੇ ਵੱਡੇ ਭਰਾ ਦੀ ਪਤਨੀ) | ਦਰਾਣੀ |
| **ਦਿਓਰ** | ਮੇਰੇ | ਪਤੀ ਦਾ ਛੋਟਾ ਭਰਾ | ਭਰਜਾਈ |
| **ਦਰਾਣੀ** | ਮੇਰੇ | ਪਤੀ ਦੀ ਛੋਟੀ ਭਰਜਾਈ (ਪਤੀ ਦੇ ਛੋਟੇ ਭਰਾ ਦੀ ਪਤਨੀ) | ਜੇਠਾਣੀ |
| **ਸੱਸ** | ਮੇਰੇ | ਪਤੀ ਦੀ ਮਾਂ | ਨੂੰਹ |
| **ਸਹੁਰਾ** | ਮੇਰੀ | ਪਤੀ ਦਾ ਪਿਓ | ਨੂੰਹ |
| **ਸਾਲਾ** | ਮੇਰੀ | ਪਤਨੀ ਦਾ ਭਰਾ | ਜੀਜਾ |
| **ਸਾਲੇਹਾਰ** | ਮੇਰੀ | ਪਤਨੀ ਦੀ ਭਰਜਾਈ (ਪਤਨੀ ਦੇ ਭਰਾ ਦੀ ਪਤਨੀ) | ਨਣਦੋਈਆ/ਨੰਦੋਈਆ |
| **ਸਾਲੀ** | ਮੇਰੀ | ਪਤਨੀ ਦੀ ਭੈਣ | ਜੀਜਾ |
| **ਸਾਂਢੂ** | ਮੇਰੀ | ਪਤਨੀ ਦਾ ਜੀਜਾ (ਪਤਨੀ ਦੀ ਭੈਣ ਦਾ ਪਤੀ) | ਸਾਂਢੂ |
| **ਫਫੇਸ** | ਮੇਰੇ | ਪਤੀ ਦੀ ਭੂਆ (ਪਤੀ ਦੇ ਪਿਓ ਦੀ ਭੈਣ) | ਭਤੀਜ ਨੂੰਹ |
| **ਪਤੀਸ** | ਮੇਰੀ | ਪਤੀ ਦੀ ਤਾਈ/ਚਾਚੀ (ਸੱਸ ਦੀ ਦਰਾਣੀ/ਜਠਾਣੀ, ਸੱਸ ਦੇ ਪਤੀ ਦੇ ਭਰਾ ਦੀ ਪਤਨੀ) | ਭਤੀਜ ਨੂੰਹ |
| **ਪਤਿਓਹਰਾ** | ਮੇਰੀ | ਪਤੀ ਦਾ ਤਾਇਆ/ਚਾਚਾ (ਸੱਸ ਦਾ ਦਿਓਰ/ਜੇਠ, ਸੱਸ ਦੇ ਪਤੀ ਦਾ ਭਰਾ) | ਭਤੀਜ ਨੂੰਹ |

| | | | |
|---|---|---|---|
| **ਨਨਿਆਹੁਰਾ** | ਮੇਰੇ | ਪਤੀ ਦਾ ਨਾਨਾ (ਪਤੀ ਦੇ ਮਾਂ ਦਾ ਪਿਓ, ਸੱਸ ਦਾ ਪਿਓ) | ਦੋਹਤ ਨੂੰਹ |
| **ਮਮਿਆਓਹਰਾ** | ਮੇਰੀ | ਪਤੀ ਦਾ ਮਾਮਾ (ਪਤੀ ਦੀ ਮਾਂ ਦਾ ਭਰਾ, ਸੱਸ ਦਾ ਭਰਾ) | ਭਾਣਜ ਨੂੰਹ |
| **ਨਨੇਸ** | ਮੇਰੀ | ਪਤੀ ਦੀ ਨਾਨੀ (ਪਤੀ ਦੀ ਮਾਂ ਦੀ ਮਾਂ, ਸੱਸ ਦੀ ਮਾਂ) | ਦੋਹਤ ਨੂੰਹ |
| **ਦਦੇਸ** | ਮੇਰੇ | ਪਤੀ ਦੀ ਦਾਦੀ | ਪੋਤ ਨੂੰਹ |
| **ਦਦਿਆਉਰਾ** | ਮੇਰੇ | ਪਤੀ ਦਾ ਦਾਦਾ | ਪੋਤ ਨੂੰਹ |
| **ਜਵਾਈ** | ਮੇਰੀ | ਧੀ ਦਾ ਪਤੀ | ਸੱਸ |
| **ਕੁੜਮਣੀ** | ਮੇਰੀ | ਧੀ ਦੀ ਸੱਸ | ਕੁੜਮਣੀ |
| **ਕੁੜਮ** | ਮੇਰੀ | ਧੀ ਦਾ ਸੁਹਰਾ | ਕੁੜਮ |
| **ਦਾਦਾ** | ਮੇਰੇ | ਪਿਓ ਦਾ ਪਿਓ | ਪੋਤਾ/ਪੋਤੀ |
| **ਪੜਦਾਦਾ** | ਮੇਰੇ | ਦਾਦੇ ਦਾ ਪਿਓ | ਪੜੋਤਾ/ ਪੜੋਤੀ |
| **ਨਕੜਦਾਦਾ** | ਮੇਰੇ | ਦਾਦੇ ਦਾ ਦਾਦਾ | ਨਕੜੋਤਾ/ਨਕੋੜਤੀ |
| **ਪਕੜਦਾਦਾ** | ਮੇਰੇ | ਨਕੜਦਾਦੇ ਦਾ ਪਿਓ | ਪਕੜੋਤਾ/ਪਕੜੋਤੀ |
| **ਦਾਦੀ** | ਮੇਰੇ | ਪਿਉ ਦੀ ਮਾਂ | ਪੋਤਾ/ਪੋਤੀ |
| **ਪੜਦਾਦੀ** | ਮੇਰੀ | ਦਾਦੀ ਦੀ ਸੱਸ | ਪੜੋਤਾ/ਪੜੋਤੀ |
| **ਕੁੜਮੇਟਾ** | ਮੇਰੇ | ਪਿਓ ਦੇ ਕੁੜਮ ਦਾ ਬੇਟਾ | ਸਾਲਾ |
| **ਕੁੜਮੇਟੀ** | ਮੇਰੇ | ਪਿਓ ਦੇ ਕੁੜਮ ਦੀ ਬੇਟੀ | ਸਾਲੀ |